ਵੈਕਸੀਨ ਜਾਣਕਾਰੀ ਵੇਰਵਾ

# ਰੋਟਾਵਾਇਰਸ ਵੈਕਸੀਨ:

## ਤੁਹਾਨੂੰ ਕੀ ਜਾਣਨ ਦੀ ਲੋੜ ਹੈ

Many vaccine information statements are available in Punjabi and other languages. See www.immunize.org/vis

ਕਈ ਵੈਕਸੀਨ ਜਾਣਕਾਰੀ ਬਿਆਨ ਪੰਜਾਬੀ ਅਤੇ ਹੋਰਨਾ ਭਾਸ਼ਾਵਾਂ ਵਿੱਚ ਉਪਲਬਧ ਹਨ। www.immunize.org/vis ਵੇਖੋ।

### 1. ਵੈਕਸੀਨ ਕਿਉਂ ਲਗਵਾਈਏ?

**ਰੋਟਾਵਾਇਰਸ ਵੈਕਸੀਨ** ਰੋਟਾਵਾਇਰਸ ਬੀਮਾਰੀ **ਦੀ ਰੋਕਥਾਮ ਕਰ ਸਕਦੀ ਹੈ**।

ਰੋਟਾਵਾਇਰਸ ਜ਼ਿਆਦਾਤਰ ਬੱਚਿਆਂ ਜਾਂ ਛੋਟੇ ਬੱਚਿਆਂ ਵਿੱਚ ਆਮ ਤੌਰ 'ਤੇ ਪਾਣੀ ਵਰਗੇ ਗੰਭੀਰ ਦਸਤ ਲੱਗਣ ਦਾ ਕਾਰਨ ਬਣ ਸਕਦੀ ਹੈ। ਰੋਟਾਵਾਇਰਸ ਵਾਲੇ ਬੱਚਿਆਂ ਵਿੱਚ ਉਲਟੀ ਆਉਣਾ ਅਤੇ ਬੁਖ਼ਾਰ ਵੀ ਬਹੁਤ ਆਮ ਹੈ। ਬੱਚੇ ਡੀਹਾਈਡ੍ਰੇਟਿਡ (ਪਾਣੀ ਦੀ ਕਮੀ) ਹੋ ਸਕਦੇ ਹਨ ਅਤੇ ਉਨ੍ਹਾਂ ਨੂੰ ਹਸਪਤਾਲ ਦਾਖ਼ਲ ਕਰਾਉਣ ਦੀ ਲੋੜ ਪੈ ਸਕਦੀ ਹੈ ਜਾਂ ਫਿਰ ਉਹ ਮਰ ਵੀ ਸਕਦੇ ਹਨ।

### 2. ਰੋਟਾਵਾਇਰਸ ਵੈਕਸੀਨ

ਰੋਟਾਵਾਇਰਸ ਵੈਕਸੀਨ ਬੱਚੇ ਦੇ ਮੂੰਹ ਵਿੱਚ ਬੂੰਦਾਂ ਪਾ ਕੇ ਦਿੱਤੀ ਜਾਂਦੀ ਹੈ। ਬੱਚਿਆਂ ਨੂੰ ਵਰਤੀ ਗਈ ਵੈਕਸੀਨ ਦੇ ਬਰਾਂਡ ਦੇ ਆਧਾਰ 'ਤੇ ਰੋਟਾਵਾਇਰਸ ਦੀਆਂ 2 ਤੋਂ 3 ਖੁਰਾਕਾਂ ਮਿਲਣੀਆਂ ਚਾਹੀਦੀਆਂ ਹਨ।

- ਪਹਿਲੀ ਖੁਰਾਕ 15 ਹਫਤਿਆਂ ਦੀ ਉਮਰ ਤੋਂ ਪਹਿਲਾਂ ਦੇਣੀ ਚਾਹੀਦੀ ਹੈ।
- ਆਖਰੀ ਖੁਰਾਕ 8 ਮਹੀਨਿਆਂ ਦੀ ਉਮਰ ਤੱਕ ਦੇਣੀ ਚਾਹੀਦੀ ਹੈ।

ਰੋਟਾਵਾਇਰਸ ਵੈਕਸੀਨ ਹਾਸਲ ਕਰਨ ਵਾਲੇ ਲਗਭਗ ਸਾਰੇ ਬੱਚਿਆਂ ਦਾ ਰੋਟਾਵਾਇਰਸ ਨਾਲ ਲੱਗਣ ਵਾਲੇ ਗੰਭੀਰ ਦਾਸਤਾਂ (ਰੋਟਾਵਾਇਰਸ ਡਾਇਰੀਆ) ਤੋਂ ਬਚਾਅ ਹੋਵੇਗਾ।

ਰੋਟਾਵਾਇਰਸ ਵੈਕਸ਼ੀਨ (ਰੋਟਾਰਕਿਸ) ਦੇ ਇਕ ਬਰਾਂਡ ਵਿੱਚ "ਪੋਰਸਾਈਨ ਸਰਿਕੋਵਾਇਰਸ" ਨਾਮਕ ਇਕ ਹੋਰ ਵਾਇਰਸ ਵੀ ਪਾਇਆ ਜਾ ਸਕਦਾ ਹੈ। ਇਹ ਵਾਇਰਸ ਲੋਕਾਂ ਨੂੰ ਪ੍ਰਭਾਵਤਿ ਨਹੀਂ ਕਰਦਾ ਹੈ, ਅਤੇ ਇਸ ਦਾ ਕੋਈ ਗਆਿਤ ਸੁਰੱਖਿਆ ਜੋਖਮ ਨਹੀਂ ਹੈ।

ਰੋਟਾਵਾਇਰਸ ਵੈਕਸੀਨ ਹੋਰਨਾਂ ਵੈਕਸੀਨਾਂ ਨੂੰ ਦੇਣ ਸਮੇਂ ਦਿੱਤੀ ਜਾ ਸਕਦੀ ਹੈ।

### 3. ਆਪਣੇ ਸਹਿਤ ਦੇਖਭਾਲ ਪ੍ਰਦਾਤਾ ਨਾਲ ਗੱਲਬਾਤ ਕਰੋ

ਆਪਣੇ ਟੀਕਾਕਰਨ ਪ੍ਰਦਾਤਾ ਨੂੰ ਦੱਸੋ ਜੇਕਰ ਟੀਕਾ ਲੱਗਵਾ ਰਹਿਾ ਵਅਿਕਤੀ:

- ਨੂੰ **ਰੋਟਾਵਾਇਰਸ ਵੈਕਸੀਨ ਦੀ ਪਛਿਲੀ ਖੁਰਾਕ ਤੋਂ ਬਾਅਦ ਐਲਰਜੀ ਦੀ ਪ੍ਰਤੀਕਰਿਆਿ ਹੋਈ ਸੀ**, ਜਾਂ ਫਰਿ ਉਸਨੂੰ ਕੋਈ **ਗੰਭੀਰ, ਜਾਨ-ਲੇਵਾ ਐਲਰਜੀਆਂ ਹਨ**
- ਦੀ **ਕਮਜ਼ੋਰ ਪ੍ਰਤਰਿੱਖਿਆ ਪ੍ਰਣਾਲੀ ਹੈ**
- ਨੂੰ **ਗੰਭੀਰ ਸੰਯੁਕਤ ਇਮਯੂਨੋਡਫੀਸ਼ੈਂਸੀ** (severe combined immunodeficiency - SCID) ਹੈ
- ਅੰਤੜੀ ਦੀ ਰੁਕਾਵਟ ਦੀ ਇੱਕ ਕਸਿਮ ਹੋਈ ਹੈ ਜਸਿ ਨੂੰ ਕਿ "**ਇੰਟਸਸੁਸੈਪਸ਼ਨ**" ਕਹਿੰਦੇ ਹਨ

ਕੁਝ ਮਾਮਲਿਆਂ ਵਿੱਚ, ਤੁਹਾਡੇ ਬੱਚੇ ਦਾ ਸਹਿਤ ਦੇਖਭਾਲ ਪ੍ਰਦਾਤਾ ਰੋਟਾਵਾਇਰਸ ਟੀਕਾਕਰਨ ਨੂੰ ਭਵਖਿ ਦੀ ਮੁਲਾਕਾਤ ਤੱਕ ਮੁਲਤਵੀ ਕਰਨ ਦਾ ਫੈਸਲਾ ਲੈ ਸਕਦਾ ਹੈ।

ਸਰਦੀ-ਜ਼ੁਕਾਮ ਵਰਗੀਆਂ ਛੋਟੀਆ-ਮੋਟੀਆਂ ਬੀਮਾਰੀਆਂ ਵਾਲੇ ਛੋਟੇ ਬੱਚਿਆਂ ਨੂੰ ਵੈਕਸੀਨ ਲਗਾਈ ਜਾ ਸਕਦੀ ਹੈ। ਮੱਧਮ ਜਾਂ ਗੰਭੀਰ ਰੂਪ ਵਿੱਚ ਬੀਮਾਰ ਛੋਟੇ ਬੱਚਿਆਂ ਨੂੰ MMRV ਵੈਕਸੀਨ ਲਗਵਾਉਣ ਤੋਂ ਪਹਿਲਾਂ ਠੀਕ ਹੋ ਜਾਣ ਦਾ ਇੰਤਜ਼ਾਰ ਕਰਨਾ ਚਾਹੀਦਾ ਹੈ।

ਤੁਹਾਡੇ ਬੱਚੇ ਦਾ ਸਹਿਤ ਦੇਖਭਾਲ ਪ੍ਰਦਾਤਾ ਤੁਹਾਨੂੰ ਵਧੇਰੇ ਜਾਣਕਾਰੀ ਦੇ ਸਕਦਾ ਹੈ।

### 4. ਵੈਕਸੀਨ ਪ੍ਰਤੀਕਰਿਆਿ ਦੇ ਜੋਖਮ

- ਰੋਟਾਵਾਇਰਸ ਵੈਕਸੀਨ ਤੋਂ ਬਾਅਦ ਚੜ੍ਹਿਚੜ੍ਹਿਾਪਣ ਜਾਂ ਹਲਕੀ, ਅਸਥਾਈ ਦਸਤ ਜਾਂ ਉਲਟੀ ਹੋ ਸਕਦੀ ਹੈ।

ਇੰਟਸਸੁਸੈਪਸ਼ਨ ਇਕ ਕਸਿਮ ਦੀ ਅੰਤੜੀ ਦੀ ਰੁਕਾਵਟ ਹੈ ਜਸਿ ਦਾ ਕਿ ਹਸਪਤਾਲ ਵਿੱਚ ਇਲਾਜ ਕੀਤਾ ਜਾਂਦਾ ਹੈ ਅਤੇ ਸਰਜਰੀ ਕਰਨ ਦੀ ਲੋੜ ਪੈ ਸਕਦੀ ਹੈ। ਇਹ ਸੰਯੁਕਤ ਰਾਜ ਅਮਰੀਕਾ ਵਿੱਚ ਹਰੇਕ ਸਾਲ ਕੁਝ ਬੱਚਿਆਂ ਵਿੱਚ ਸੁਭਾਵਕਿ ਰੂਪ ਵਿੱਚ ਹੁੰਦਾ ਹੈ, ਅਤੇ ਆਮ ਤੌਰ 'ਤੇ ਇਸ ਦਾ ਕੋਈ ਗਆਿਤ ਕਾਰਨ ਨਹੀਂ ਹੁੰਦਾ ਹੈ। ਰੋਟਾਵਾਇਰਸ ਟੀਕਾਕਰਨ ਤੋਂ ਇੰਟਸਸੁਸੈਪਸ਼ਨ ਦਾ ਇਕ ਛੋਟਾ ਜੋਖਮ ਵੀ ਹੁੰਦਾ ਹੈ, ਆਮ ਤੌਰ 'ਤੇ ਪਹਿਲੀ ਜਾਂ ਦੂਸਰੀ ਖੁਰਾਕ ਦੇ ਇਕ ਹਫਤੇ ਦੇ ਅੰਦਰ। ਇਹ ਵਾਧੂ ਜੋਖਮ 20,000 ਅਮਰੀਕੀ ਬੱਚਿਆਂ ਵਿੱਚੋਂ 1 ਤੋਂ ਲੈ ਕੇ 100,000 ਅਮਰੀਕੀ ਬੱਚਿਆਂ ਵਿੱਚੋਂ 1 ਤੱਕ ਹੋਣ ਦਾ ਅਨੁਮਾਨ ਹੈ, ਜਨਿ੍ਹਾਂ ਨੂੰ ਕਿ ਰੋਟਾਵਾਇਰਸ ਵੈਕਸੀਨ ਮਲਿਦੀ ਹੈ। ਤੁਹਾਡਾ ਸਹਿਤ ਦੇਖਭਾਲ ਪ੍ਰਦਾਤਾ ਤੁਹਾਨੂੰ ਵਧੇਰੇ ਜਾਣਕਾਰੀ ਦੇ ਸਕਦਾ ਹੈ।

ਕਸਿੇ ਵੀ ਦਵਾਈ ਵਾਂਗ, ਇਸ ਗੱਲ ਦੀ ਇੱਕ ਬਹੁਤ ਘੱਟ ਸੰਭਾਵਨਾ ਹੁੰਦੀ ਹੈ ਕਿ ਕਿਸੇ ਵੈਕਸੀਨ ਨਾਲ ਗੰਭੀਰ ਐਲਰਜੀ ਪ੍ਰਤੀਕਰਿਆਿ, ਹੋਰ ਗੰਭੀਰ ਸੱਟ, ਜਾਂ ਫਰਿ ਮੌਤ ਹੋ ਸਕਦੀ ਹੈ।

U.S. Department of Health and Human Services
Centers for Disease Control and Prevention

## 5. ਜੇਕਰ ਕੋਈ ਗੰਭੀਰ ਸਮੱਸਿਆ ਹੈ, ਤਾਂ ਕੀ ਕਰੀਏ?

ਇੰਟਸਸੁਸੈਪਸ਼ਨ ਲਈ, ਜੋਰ ਜੋਰ ਨਾਲ ਰੋਣ ਦੇਦੇ ਨਾਲ ਪੇਟ ਦਰਦ ਦੇ ਸੰਕੇਤਾਂ ਵੱਲ ਧਿਆਨ ਦਓਿ। ਸ਼ੁਰੂਆਤ ਵਚਿ, ਇਹ ਘਟਨਾਵਾਂ ਕੁਝ ਹੀ ਮੰਿਟਾਂ ਤੱਕ ਚੱਲ ਸਕਦੀਆਂ ਹਨ ਅਤੇ ਇਕ ਘੰਟੇ ਵਚਿ ਕਈ ਵਾਰ ਆ ਅਤੇ ਜਾ ਸਕਦੀਆਂ ਹਨ। ਬੱਚੇ ਆਪਣੀਆਂ ਲੱਤਾਂ ਨੂੰ ਆਪਣੀ ਛਾਤੀ ਤੱਕ ਖਚਿ ਸਕਦੇ ਹਨ। ਤੁਹਾਡਾ ਬੱਚਾ ਕਈ ਵਾਰ ਉਲਟੀ ਵੀ ਕਰ ਸਕਦਾ ਹੈ ਜਾਂ ਮਲ ਵਚਿ ਖੂਨ ਆ ਸਕਦਾ ਹੈ, ਜਾਂ ਫਰਿ ਉਹ ਬਹੁਤ ਕਮਜ਼ੋਰ ਜਾਂ ਚੜਿਚੜਿਾ ਦਖਿਾਈ ਦੇ ਸਕਦਾ ਹੈ। ਇਹ ਲੱਛਣ ਆਮ ਤੌਰ 'ਤੇ ਰੋਟਾਵਾਇਰਸ ਵੈਕਸੀਨ ਦੀ ਪਹਲਿੀ ਜਾਂ ਦੂਸਰੀ ਖੁਰਾਕ ਤੋਂ ਬਾਅਦ ਪਹਲਿੇ ਹਫਤੇ ਦੇ ਦੌਰਾਨ ਹੁੰਦੇ ਹਨ, ਪਰ ਟੀਕਾਕਰਨ ਤੋਂ ਬਾਅਦ ਕਸਿੇ ਵੀ ਸਮੇਂ ਇਨ੍ਹਾਂ ਲੱਛਣਾਂ ਵੱਲ ਧਿਆਨ ਦਓਿ। ਜੇਕਰ ਤੁਹਾਨੂੰ ਲੱਗਦਾ ਹੈ ਕ ਿਤੁਹਾਡੇ ਬੱਚੇ ਨੂੰ ਇੰਟਸਸੁਸੈਪਸ਼ਨ ਹੈ, ਤਾਂ ਤੁਰੰਤ ਇਕ ਸਹਿਤ ਦੇਖਭਾਲ ਪ੍ਰਦਾਤਾ ਨਾਲ ਸੰਪਰਕ ਕਰੋ। ਜੇਕਰ ਤੁਸੀਂ ਆਪਣੇ ਸਹਿਤ ਦੇਖਭਾਲ ਪ੍ਰਦਾਤਾ ਤੱਕ ਨਹੀਂ ਪਹੁੰਚ ਸਕਦੇ, ਤਾਂ ਆਪਣੇ ਬੱਚੇ ਨੂੰ ਹਸਪਤਾਲ ਲੈ ਜਾਓ। ਉਨ੍ਹਾਂ ਨੂੰ ਦੱਸੋ ਕ ਿਤੁਹਾਡੇ ਬੱਚੇ ਨੂ ਰੋਟਾਵਾਇਰਸ ਵੈਕਸੀਨ ਕਦੋਂ ਲਗੀ ਸੀ।

ਟੀਕਕਰਨ ਕਰਵਾਉਣ ਵਾਲੇ ਵਅਿਕਤੀ ਦੁਆਰਾ ਕਲੀਨਕਿ ਛੱਡਣ ਤੋਂ ਬਾਅਦ ਐਲਰਜੀ ਦੀ ਪ੍ਰਤੀਕਰਿਆਿ ਹੋ ਸਕਦੀ ਹੈ। ਜੇਕਰ ਤੁਸੀਂ ਇਕ ਗੰਭੀਰ ਐਲਰਜੀ ਪ੍ਰਤੀਕਰਿਆਿ (ਪੱਤੀ, ਚਹਿਰੇ ਅਤੇ ਗਲੇ ਦੀ ਸੋਜ, ਸਾਹ ਲੈਣ ਵਚਿ ਔਖਆਿਈ, ਦਲਿ ਦੀ ਤੇਜ਼ ਧੜਕਨ, ਚੱਕਰ ਆਉਣਾ, ਜਾਂ ਕਮਜ਼ੋਰੀ) ਦੇ ਲੱਛਣ ਦੇਖਦੇ ਹੋ, ਤਾਂ **9-1-1** 'ਤੇ ਕਾਲ ਕਰੋ ਅਤੇ ਉਸ ਵਅਿਕਤੀ ਨੂੰ ਨੇੜੇ ਦੇ ਹਸਪਤਾਲ ਲੈ ਜਾਓ।

ਹੋਰਨਾਂ ਸੰਕੇਤਾਂ ਲਈ ਜੋ ਕ ਿਤੁਹਾਡੀ ਚੰਿਤਾ ਦਾ ਕਾਰਨ ਹਨ, ਆਪਣੇ ਸਹਿਤ ਦੇਖਭਾਲ ਪ੍ਰਦਾਤਾ ਨੂੰ ਕਾਲ ਕਰੋ।

ਵੈਕਸੀਨ ਪ੍ਰਤੀਕੂਲ ਘਟਨਾ ਰਪਿੋਰਟੰਿਗ ਸਸਿਟਮ (Vaccine Adverse Event Reporting System - VAERS) ਨੂੰ ਮਾੜੇ ਪ੍ਰਭਾਵਾਂ ਦੀ ਸੂਚਨਾ ਦੱਤੀ ਜਾਣੀ ਚਾਹੀਦੀ ਹੈ। ਆਮ ਤੌਰ 'ਤੇ ਤੁਹਾਡਾ ਸਹਿਤ ਦੇਖਭਾਲ ਪ੍ਰਦਾਤਾ ਇਹ ਰਪਿੋਰਟ ਦਰਜ ਕਰੇਗਾ, ਜਾਂ ਫਰਿ ਤੁਸੀਂ ਇਸ ਨੂੰ ਖੁਦ ਕਰ ਸਕਦੇ ਹੋ। **www.vaers.hhs.gov** 'ਤੇ VAERS ਦੀ ਵੈਬਸਾਈਟ 'ਤੇ ਜਾਓ ਜਾਂ ਫਰਿ **1-800-822-7967** 'ਤੇ ਕਾਲ ਕਰੋ। VAERS ਸਰਿਫ ਪ੍ਰਤੀਕਰਿਆਿਵਾਂ ਦੀ ਰਪਿੋਰਟ ਕਰਨ ਲਈ ਹੈ, ਅਤੇ VAERS ਦੇ ਸਟਾਫ ਸਦੱਸ ਡਾਕਟਰੀ ਸਲਾਹ ਨਹੀਂ ਦੰਿਦੇ ਹਨ।

## 6. ਰਾਸ਼ਟਰੀ ਵੈਕਸੀਨ ਸੱਟ ਮੁਆਵਜ਼ਾ ਪ੍ਰੋਗਰਾਮ (National Vaccine Injury Compensation Program)

ਰਾਸ਼ਟਰੀ ਵੈਕਸੀਨ ਸੱਟ ਮੁਆਵਜ਼ਾ ਪ੍ਰੋਗਰਾਮ (National Vaccine Injury Compensation Program - VICP) ਇਕ ਸੰਘੀ ਪ੍ਰੋਗਰਾਮ ਹੈ ਜੋ ਕ ਿਉਨ੍ਹਾਂ ਲੋਕਾਂ ਨੂੰ ਮੁਆਵਜ਼ਾ ਦੇਣ ਲਈ ਬਣਾਇਆ ਗਆਿ ਸੀ ਜਨ੍ਹਿਾਂ ਨੂੰ ਹੋ ਸਕਦਾ ਹੈ ਕੀ ਕੁਝ ਵੈਕਸੀਨਾਂ ਤੋਂ ਸੱਟ ਲੱਗੀ ਹੋ। ਟੀਕਾਕਰਨ ਦੇ ਕਾਰਨ ਕਥਤਿ ਸੱਟ ਜਾਂ ਮੌਤ ਦੇ ਦਾਅਵਆਿਂ ਨੂੰ ਦਾਖਲ ਕਰਨ ਦੀ ਸਮਾਂ-ਸੀਮਾ ਹੈ, ਜੋ ਕ ਿ2 ਸਾਲ ਤੱਕ ਜਨਿੀ ਘੱਟ ਹੋ ਸਕਦੀ ਹੈ। **www.hrsa.gov/vaccinecompensation** 'ਤੇ VICP ਦੀ ਵੈਬਸਾਈਟ 'ਤੇ ਜਾਓ ਜਾਂ ਫਰਿ ਪ੍ਰੋਗਰਾਮ ਬਾਰੇ ਜਾਣਨ ਅਤੇ ਦਾਅਵਾ ਦਾਖਲ ਕਰਨ ਲਈ **1-800-338-2382** 'ਤੇ ਕਾਲ ਕਰੋ।

## 7. ਮੈਨੂੰ ਹੋਰ ਜਾਣਕਾਰੀ ਕਥਿੇ ਮਲਿ ਸਕਦੀ ਹੈ।

- ਆਪਣੇ ਸਹਿਤ ਦੇਖਭਾਲ ਪ੍ਰਦਾਤਾ ਨੂੰ ਪੁੱਛੋ।
- ਆਪਣੇ ਸਥਾਨਕ ਰਾਜ ਸਹਿਤ ਵਭਿਾਗ ਨੂੰ ਕਾਲ ਕਰੋ।
- ਵੈਕਸੀਨ ਪੈਕੇਜ ਪਰਚਆਿਂ ਅਤੇ ਵਧੇਰੇ ਜਾਣਕਾਰੀ ਲਈ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ (Food and Drug Administration - FDA) ਦੀ ਵੈਬਸਾਈਟ **www.fda.gov/vaccines-blood-biologics/vaccines** 'ਤੇ ਜਾਓ।
- ਰੋਗ ਨਯਿੰਤ੍ਰਣ ਅਤੇ ਰੋਕਥਾਮ ਕੇਂਦਰਾਂ (Centers for Disease Control and Prevention - CDC) ਨਾਲ ਸੰਪਰਕ ਕਰੋ:
  - **1-800-232-4636** (**1-800-CDC-INFO**) 'ਤੇ ਕਾਲ ਕਰੋ ਜਾਂ
  - **www.cdc.gov/vaccines** 'ਤੇ CDC ਦੀ ਵੈਬਸਾਈਟ 'ਤੇ ਜਾਓ।

Punjabi translation provided by California Department of Public Health, Immunization Program